ਜਗ ਬਾਣੀ

ਵੀਰਵਾਰ Thursday 16 ਅਪ੍ਰੈਲ 2015

# ਬੇਲਾ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ



ਸਨਮਾਨਿਤ ਕੀਤੇ ਵਿਦਿਆਰਥੀ ਕਾਲਜ ਸਟਾਫ ਨਾਲ।

ਸ੍ਰੀ ਚਮਕੌਰ ਸਾਹਿਬ, 15 ਅਪ੍ਰੈਲ (ਕੌਸ਼ਲ)-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀ ਐੱਮ.ਐੱਸ.ਸੀ. ਬਾਇਓਟੈਕਨਾਲੋਜੀ ਦਾ ਨਤੀਜਾ ਸੌ ਫੀਸਦੀ ਆਇਆ, ਜਿਸ ਵਿਚ ਮਿਸ ਮਨਪ੍ਰੀਤ ਕੌਰ 79 ਫੀਸਦੀ ਨੰਬਰ ਲੈ ਕੇ ਪਹਿਲੇ ਸਥਾਨ, ਮਿਸ ਅਮਨਦੀਪ ਕੌਰ 77 ਫੀਸਦੀ ਨੰਬਰ ਲੈ ਕੇ ਦੂਜੇ ਸਥਾਨ ਅਤੇ ਮਿਸ ਦਵਿੰਦਰਜੀਤ ਕੌਰ 75 ਫੀਸਦੀ ਲੈ ਕੇ ਤੀਜੇ ਸਥਾਨ 'ਤੇ ਰਹੀਆਂ। ਇਸੇ ਤਰ੍ਹਾਂ ਬੀ.ਐੱਸ.ਸੀ. ਬਾਇਓਟੈਕਨਾਲੋਜੀ ਵਿਚ ਪ੍ਰਿਆ ਸੈਣੀ 83 ਫੀਸਦੀ ਨੰਬਰ ਲੈ ਕੇ ਪਹਿਲੇ ਸਥਾਨ 'ਤੇ, ਡਿੰਪਲ 80 ਫੀਸਦੀ ਨੰਬਰ ਲੈ ਕੇ ਦੂਜੇ ਸਥਾਨ ਅਤੇ ਹਰਵਿੰਦਰ ਕੌਰ 78 ਫੀਸਦੀ ਨੰਬਰ ਲੈ ਕੇ ਤੀਜੇ ਸਥਾਨ 'ਤੇ ਰਹੀਆਂ। ਬੀ.ਕਾਮ.ਪ੍ਰੋਫੈਸ਼ਨਲ ਤੀਜੇ ਸਮੈਸਟਰ ਵਿਚ ਕੋਮਲ ਸ਼ੁਕਲਾ 83 ਫੀਸਦੀ, ਸ਼ਿਪਰਾ 82 ਫੀਸਦੀ, ਅਰਸ਼ਦੀਪ ਕੌਰ ਅਤੇ ਬੇਅੰਤ ਕੌਰ 80 ਫੀਸਦੀ ਨੰਬਰ ਲੈ ਕੇ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ।

ਇਸ ਮੌਕੇ ਸਕੱਤਰ ਪ੍ਰਬੰਧਕ ਕਮੇਟੀ ਦੇਵਿੰਦਰ ਸਿੰਘ ਜਟਾਣਾ, ਸੀਨੀਅਰ ਮੀਤ ਪ੍ਰਧਾਨ ਸੰਗਤ ਸਿੰਘ ਲੌਂਗੀਆ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਪ੍ਰਿੰ. ਸੁਗਮੁੱਖ ਸਿੰਘ ਅਤੇ ਪ੍ਰੋ. ਮਮਤਾ ਅਰੋੜਾ ਨੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰੋ. ਅੰਮ੍ਰਿਤਾ ਸੰਧੂ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਪ੍ਰਨੀਤ ਕੌਰ, ਪ੍ਰੋ. ਪਰਮਿੰਦਰ ਕੌਰ, ਡਾ. ਨਿਧੀ, ਪ੍ਰੋ. ਗਗਨਦੀਪ ਕੌਰ, ਪ੍ਰੋ. ਈਸ਼ੂ ਬਾਲਾ ਆਦਿ ਹਾਜ਼ਰ ਸਨ।